# ਮੁਢਲਾ ਜੀਵਨ

ਭਾਈ ਕਰਤਾਰ ਸਿੰਘ ਦਾ ਜਨਮ ਪਿੰਡ ਝੱਬਰ ਸ਼ੇਖੂਪੁਰਾ ਦੇ ਵਿਰਕ ਘਰਾਣੇ ਵਿਚ ਸੰਨ 1874 ਵਿਚ ਹੋਇਆ । ਉਨ੍ਹਾਂ ਦੇ ਪਿਤਾ ਤੇਜਾ ਸਿੰਘ ਇਕ ਖੁਸ਼ਹਾਲ ਕਿਸਾਨ ਸਨ । ਭਾਈ ਕਰਤਾਰ ਸਿੰਘ ਸ. ਮੰਗਲ ਸਿੰਘ ਦਾ ਪੋਤਰਾ ਸੀ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਝੱਬਰਾਂ ਨਾਲ ਸਮਝੌਤਾ ਹੋ ਜਾਣ ਪਿਛੋਂ ਆਪਣੀ ਕੁਮੇਦਾਨ ਨਿਯੁਕਤ ਕੀਤਾ ਸੀ । ਪਿੰਡ ਵਿਚ ਸਿਖਿਆ ਦੀਆਂ ਸਹੂਲਤਾਂ ਨਾ ਹੋਣ ਕਰਕੇ, ਕਰਤਾਰ ਸਿੰਘ ਨੂੰ ਗੁਰਦੁਆਰੇ ਵਿਚ ਪੜ੍ਹਨ ਲਈ ਭੇਜਿਆ, ਭਾਈ ਕਰਤਾਰ ਸਿੰਘ ਨੇ ਗੁਰਮੁਖੀ ਦੀ ਮੁਢਲੀ ਸਿਖਿਆ ਇਥੋਂ ਹੀ ਪ੍ਰਾਪਤ ਕੀਤੀ । ਉਹਨਾਂ ਦੀ ਪਹਿਲੀ ਅਵਸਥਾ ਤਾਂ ਆਮ ਪੇਂਡੂ ਨੌਜਵਾਨਾਂ ਦੀ ਤਰ੍ਹਾਂ ਗੁਜ਼ਰੀ ਜਿਨ੍ਹਾਂ ਨੂੰ ਮਹੀਆਂ ਦੀ ਦੇਖ ਭਾਲ, ਉਨ੍ਹਾਂ ਦਾ ਦੁਧ ਮਖਣ ਖਾਣ ਪੀਣ ਅਤੇ ਕਸਬਤ ਕਰਨ ਤੋਂ ਬਿਨ੍ਹਾਂ ਹੋਰ ਕੋਈ ਕੰਮ ਨਹੀਂ ਸੀ ।

ਆਰੰਭ ਤੋਂ ਹੀ ਉਨ੍ਹਾਂ ਦੇ ਡੀਲ ਡੌਲ ਅਤੇ ਰਹਿਣੀ ਬਹਿਣੀ ਵਿਚ ਮਰਦਾਨਗੀ ਸੀ । ਉਨ੍ਹਾਂ ਦਾ ਸ਼ਰੀਰ ਸੁੰਦਰ ਸੀ ਅਤੇ ਉਨ੍ਹਾਂ ਦੀ ਸ਼ਖਸੀਅਤ ਪ੍ਰਭਾਵਸ਼ਾਲੀ ਸੀ । ਉਹ ਨਿਡਰ ਸਨ । ਜਵਾਨੀ ਦੀ ਅਵਸਥਾ ਵਿਚ ਉਹ ਸਾਧਾਰਣ ਪੌਸ਼ਾਕ ਲੱਕ ਵਿਚ ਚਾਦਰ, ਕੁੜਤਾ ਤੇ ਪਗ ਪਹਿਣਦੇ ਸਨ । ਉਹ ਸੁੰਮਾਂ ਵਾਲੀ ਭਾਰੀ ਡਾਂਗ ਹੱਥ ਵਿਚ ਰਖਦੇ ਸੀ । ਉਹ ਅਸ਼ਲੀਲ ਗੱਲ ਨਾ ਆਪ ਕਰਦੇ ਸੀ ਅਤੇ ਨਾ ਕਿਸੇ ਨੂੰ ਕਰਨ ਦਿੰਦੇ ਸੀ । ਉਨ੍ਹਾਂ ਨੇ ਕਿਸੇ ਦੀ ਅਧੀਨਗੀ ਨਹੀਂ ਮੰਨੀ ।

ਇਨ੍ਹਾਂ ਦੀ ਪਹਿਲੀ ਮੁਲਾਕਾਤ ਭਾਈ ਮੂਲ ਸਿੰਘ ਗਰਮੂਲਾ ਨਾਲ ਸੰਨ 19●4 ਵਿਚ ਹੋਈ ਜਦੋਂ ਇਨ੍ਹਾਂ ਨੇ ਭਾਈ ਸਾਹਿਬ ਦਾ ਭਾਸ਼ਾਨ ਪਿੰਡ ਵਰਨ ਵਿਖੇ ਸੁਣਿਆ । ਭਾਈ ਮੂਲ ਸਿੰਘ ਦੇ ਭਾਸ਼ਨ ਨੇ ਇਨ੍ਹਾਂ ਤੇ ਇਤਨਾ ਪ੍ਰਭਾਵ ਪਾਇਆ ਕਿ ਜਿਥੇ ਵੀ ਉਨ੍ਹਾਂ ਦਾ ਭਾਸ਼ਨ ਹੁੰਦਾ, ਇਹ ਆਪਣੀ ਪਾਰਟੀ ਨਾਲ ਭਾਸ਼ਨ ਸੁਨਣ ਲਈ ਪਹੁੰਚ ਜਾਂਦੇ । ਇਸੀ ਸਮੇਂ ਸ਼ੁਧੀ ਦਾ ਪ੍ਰਚਾਰ ਆਰੰਭ ਹੋਇਆ ਸੀ । ਅਜਿਹਾ ਪ੍ਰਚਾਰ ਕਰਨ ਵੇਲੇ ਆਮ ਗੜ ਬੜ ਹੋ ਜਾਂਦੀ ਸੀ । ਕਈ ਵਾਰ ਸ਼ੁਧੀ ਦੇ ਪ੍ਰਚਾਰ ਦੇ ਵਿਰੋਧੀ ਲੜਨ ਲਈ ਤਿਆਰ ਹੋ ਜਾਂਦੇ ਸੀ । ਉਨ੍ਹਾਂ ਦਾ ਟਾਕਰਾ ਕਰਨ ਲਈ ਕਰਤਾਰ ਸਿੰਘ ਵਰਗੇ ਡਾਂਗ ਚਲਾਉਣ ਵਾਲੇ ਜਵਾਨ ਦੀ ਭੀ ਲੋੜ ਪੈ ਜਾਂਦੀ ਸੀ । ਸੰਨ 19●4 ਵਿਚ ਨਿਮਾਣੀ ਦੇ ਮੇਲੇ ਤੇ ਨਨਕਾਣਾ ਸਾਹਿਬ ਵਿਖੇ ਇਨ੍ਹਾਂ ਨੇ ਭਾਈ ਮੂਲ ਸਿੰਘ ਤੋਂ ਅੰਮ੍ਰਿਤ ਛਕਿਆ । ਕਰਤਾਰ ਸਿੰਘ ਦੀ ਬੁੱਧੀਮਾਨਾ ਦਾ ਭਾਈ ਮੂਲ ਸਿੰਘ ਤੇ ਬਹੁਤ ਪ੍ਰਭਾਵ ਪਿਆ । ਉਹ ਭਾਈ ਜੀ ਦਾ ਸਾਥੀ ਬਣ ਗਿਆ ।

ਸੰਨ 19●4 ਵਿਚ ਕੋਟਲੀ ਦਾਸੂ ਸਿੰਘ, ਜ਼ਿਲ੍ਹਾ ਸਿਆਲਕੋਟ, ਵਿਚ ਸ਼ੁਧੀ ਸੰਬੰਧੀ ਸੰਤ ਸੂਰਜ ਸਿੰਘ ਨੇ ਇਕ ਭਾਰੀ ਦੀਵਾਨ ਲਗਾਇਆ । ਇਸ ਦੇ ਵਿਚ ਉਸ ਵੇਲੇ ਗੁਰਮਤਿ ਪ੍ਰਚਾਰ ਦੇ ਮੁੱਖੀ ਭਾਈ ਲਾਲ ਸਿੰਘ ਗੁਜਰਾਂਵਾਲਾ, ਸ. ਤੀਰਥ ਸਿੰਘ ਘਰਜਾਖੀਏ, ਭਾਈ ਤਖਤ ਸਿੰਘ ਫਿਰੋਜਪੁਰ ਤੇ ਭਾਈ ਗੰਗਾ ਸਿੰਘ ਪ੍ਰਚਾਰਕ ਆਦਿ ਭੀ ਪਹੁੰਚ ਹੋਏ ਸਨ । ਇਹ ਦੀਵਾਨ ਸ. ਗੰਡਾ ਸਿੰਘ ਦੀ ਮੁਸਲਮਾਨ ਪਤਨੀ ਤੋਂ ਉਤਪੰਨ ਸੰਤਾਨ ਦੀ ਸ਼ੁਧੀ ਅਤੇ ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਲਈ ਲਾਇਆ ਗਿਆ ਸੀ । ਭਾਈ ਮੂਲ ਸਿੰਘ ਸਟੇਜ ਤੇ ਭਾਸ਼ਨ ਦੇ ਰਹੇ ਸਨ ਕਿ ਇਕ ਪਾਸੇ ਤੋਂ 5●-6● ਮੁਸਲਮਾਨਾਂ ਨੇ ਸਿੱਖਾਂ ਦੇ ਦੀਵਾਨ ਤੇ ਹਮਲਾ ਕਰ ਦਿਤਾ । ਭਾਈ ਕਰਤਾਰ ਸਿੰਘ ਨੇ ਡਾਂਗਾ ਮਾਰ ਕੇ ਅਠਾਰਾਂ ਆਦਮੀ ਗਿਰਾ ਦਿਤੇ । ਡਾਂਗ ਚਲਦੀ ਦੇਖਕੇ ਉਹ ਸਾਰੇ ਆਕ੍ਰਮਣਕਾਰੀ ਭਜ ਗਏ ।

ਭਾਈ ਕਰਤਾਰ ਸਿੰਘ ਖਾਲਸਾ ਉਪਦੇਸ ਵਿਦਿਆਲਾ ਘਰਜਾਖ ਵਿਚ ਦਾਖ਼ਲ ਹੋ ਗਏ । ਉਨ੍ਹਾਂ ਨੇ ਸਿੱਖ ਸਾਹਿਤ ਦੀ ਸਿਖਿਆ ਪ੍ਰਾਪਤ ਕੀਤੀ । ਵਿਦਿਆਲਾ ਵਿਚ ਪੜ੍ਹ ਕੇ ਉਹ ਇਕ ਚੰਗੇ ਵਕਤਾ ਅਤੇ ਲੇਖਕ ਬਣ ਗਏ । ਇਸ ਤੋਂ ਪਿਛੋਂ ਉਹ ਲਾਹੌਰ ਵਸ ਗਏ ਅਤੇ ਸਿੱਖ ਧਰਮ ਦਾ ਪ੍ਰਚਾਰ ਸ਼ਹਿਰ ਤੇ ਪਿੰਡਾਂ ਵਿਚ ਕਰਨ ਲਗ ਪਏ ।[1]

ਉਸ ਵੇਲੇ ਸਿੰਘ ਸਭਾ ਲਾਹੌਰ ਦੇ ਕੇਵਲ 19 ਮੈਂਬਰ ਸਨ । ਸਭਾ ਦਾ ਕੋਈ ਵਿਸ਼ੇਸ਼ ਕਾਰਜਕ੍ਰਮ ਨਹੀਂ ਸੀ ਹਫਤੇਵਾਰੀ ਦੀਵਾਨ ਵੀ ਨਹੀਂ ਹੁੰਦਾ ਸੀ । ਲਾਹੌਰ ਵਿਚ ਸਿੱਖਾਂ ਦਾ ਕੇਵਲ ਇਕ ਆਸਰਮ ਕੰਨਿਆ ਪਾਠਸ਼ਾਲਾ ਮਹੱਲਾ ਸੱਥਾ ਵਿਚ ਸੀ । ਝੱਬਰ ਨੇ ਸਿੰਘ ਸਭਾ ਦੇ ਮੈਂਬਰ ਭਰਤੀ ਕਰਨੇ ਆਰੰਭ ਕੀਤੇ ਅਤੇ ਦੋ ਮਹੀਨਿਆਂ ਵਿਚ ਪੰਜ ਸੌ ਮੈਂਬਰ ਬਣਾ ਲਏ । ਉਹ ਹਰ ਹਫਤੇ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਦੀਵਾਨ ਲਗਾਂਦੇ ਸੀ । ਦੀਵਾਨ ਬਾਰੇ ਸਮਾਚਾਰ ਪਤਰਾਂ ਵਿਚ ਵਿਗਿਆਪਨ ਦਿਤਾ ਜਾਂਦਾ ਸੀ ਅਤੇ ਹਰ ਐਤਵਾਰ ਨੂੰ ਲਗ ਭਗ ਛੇ ਸਤ ਹਜ਼ਾਰ ਸੰਗਤ ਝੱਬਰ ਦਾ ਭਾਸ਼ਨ ਸੁਨਦੀ ਸੀ ।

ਗਿਆਨੀਦਿਤ ਸਿੰਘ ਜੀ ਦੇ ਪੁਤਰ ਬਲਦੇਵ ਸਿੰਘ ਨੂੰ ਟਿੱਕਾ ਸਾਹਿਬ ਨਾਭਾ, ਰਿਪਦੁਮਨ ਸਿੰਘ, ਨੇ ਵਜ਼ੀਫਾ ਦੇ ਕੇ ਇੰਗਲੈਂਡ ਵਿਚ ਪੜ੍ਹਣ ਲਈ ਭੇਜਿਆ ਸੀ । ਉਥੋਂ ਡਿਗਰੀ ਪ੍ਰਾਪਤ ਕਰਕੇ ਵਾਪਸ ਆਉਣ ਤੇ ਸਿੰਘ ਸਭਾ ਨੇ ਉਸ ਨੂੰ ਲਾਹੌਰ ਸਿੰਘ ਸਭਾ ਦਾ ਪ੍ਰਧਾਨ ਬਣਾ ਦਿਤਾ । ਉਸ ਨੇ ਆਦੇਸ਼ ਦਿੱਤਾ ਕਿ ਸਿੰਘ ਸਭਾ ਦੇ ਦੀਵਾਨ ਵਿਚ ਦਰੀਆਂ ਤੇ ਜਮੀਨ ਤੇ ਬੈਠਣ ਦੀ ਕੋਈ ਜ਼ਰੂਰਤ ਨਹੀਂ, ਸਰੋਤਿਆਂ ਨੂੰ ਬੈਂਚਾਂ ਤੇ ਕੁਰਸੀਆਂ ਤੇ ਬਿਠਾਣ ਦਾ ਪ੍ਰਬੰਧ ਕੀਤਾ ਜਾਵੇ । ਕੁਝ ਬੈਂਚ ਮੰਗਾ ਵੀ ਲਏ । ਦੀਵਾਨ ਵਿਚ ਝੱਬਰ ਦੇ ਕਹਿਣ ਤੇ ਕਿ ਬੈਂਚਾਂ ਤੇ ਨਾ ਬੈਠੋ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ ਹੈ । ਬਲਦੇਵ ਸਿੰਘ ਪ੍ਰਧਾਨ ਸਿੰਘ ਸਭਾ ਨੇ ਕਿਹਾ ਕੇ ਬੈਂਚਾਂ ਤੇ ਬੈਠਣ ਦਾ ਮਤਾ ਸਿੰਘ ਸਭਾ ਨੇ ਪਾਸ ਕੀਤਾ ਹੈ ।

ਝੱਬਰ ਨੇ ਕਿਹਾ,"ਪ੍ਰਧਾਨ ਸਾਹਿਬ ਆਪ ਤਾਂ ਵਲੈਤੋਂ ਤਾਲੀਮ ਸਿਖ ਕੇ ਆਏ ਹੋ ਤੇ ਸਿੰਘ ਸਭਾ ਦੇ ਮੈਂਬਰ ਭੀ ਅੰਗਰੇਜ਼ੀ ਦਫ਼ਤਰਾਂ ਦੇ ਬਾਬੂ ਹੀ ਹਨ । ਤੁਸੀਂ ਗੁਰਮਤ ਨਹੀਂ ਜਾਣਦੇ । " ਤਾਂ ਪ੍ਰਧਾਨ ਸਾਹਿਬ ਨੇ ਕਿਹਾ,"ਉਪਦੇਸ਼ਕ ਸਾਹਿਬ , ਜਦੋਂ ਗੁਰੂ 2● ਵਿਸਵੇ ਤੇ ਸੰਗਤ 21 ਵਿਸਵੇ ਮੰਨੀ ਗਈ ਹੈ ਤੇ ਸੰਗਤ ਨੇ ਪਾਸ ਕਰ ਦਿਤਾ ਹੈ ਤਾਂ ਅਸਾਂ ਕੇਹੜੀ ਬੇਕਾਇਦਗੀ ਜਾਂ ਮਨਮਤ ਕੀਤੀ ਹੈ ? "ਝੱਬਰ ਨੇ ਉਤਰ ਦਿਤਾ," ਇਹ ਪਛਮੀ ਤਹਿਜ਼ੀ ਦੇ ਸ਼ਰਧਾਲੂ ਲੋਕਾਂ ਨੇ ਆਪਣੇ ਮਤਲਬ ਦੀ ਸਿਧੀ ਵਾਸਤੇ ਮਨ ਘੜਤ ਅਸੂਲ ਬਦਾਇਆ ਹੈ, ਇਹ ਗੁਰੂ ਜੀ ਦੀ ਪਦਵੀ ਨੂੰ ਘਟਾਦਾ ਹੈ । ਇਸ ਵਾਸਤੇ ਗੁਰਮਤ ਨਹੀਂ ਅਤੇ ਨਾ ਹੀ ਇਹ ਕਿਤੇ ਗੁਰਬਾਣੀ ਵਿਚ ਲਿਖਿਆ ਹੈ । ਭਲਾ ਜੇ ਤੁਹਾਡੀ ਗੱਲ ਮੰਨ ਲਈਏ ਤਾਂ ਕਲ ਨੂੰ ਕੋਈ ਅੰਜਾਣ ਸਿੰਘ ਸਭਾ ਇਹ ਪਾਸ ਕਰ ਦੇਵੇਗੀ ਕਿ ਕਛਹਿਰਾ ਪਾਣ ਦੀ ਲੋੜ ਨਹੀਂ , ਜਾਂ ਕੇਸ ਰਖਣਾ ਜਾਂ ਅੰਮ੍ਰਿਤ ਛਕਣਾ ਜ਼ਰੂਰੀ ਨਹੀਂ ਅਤੇ ਇਸ ਦੀ ਵਰਤੋਂ ਅਰੰਭ ਦੇਵੇ ਤਾਂ ਸਿੱਖੀ ਕਿਵੇਂ ਰਹਿ ਸਕਦੀ ਹੈ । ਗੁਰੂ ਸਾਹਿਬਾਂ ਦੇ ਕੈਮ ਕੀਤੇ ਹੋਏ ਨਿਯਮਾਂ ਨੂੰ ਤੋੜਨ ਦਾ ਕਿਸੇ ਨੂੰ ਹੱਕ ਨਹੀਂ ।[2] ਵਿਚਾਰ ਕਰਨ ਪਿਛੋਂ ਇਹ ਫੈਲਾ ਹੋਇਆ ਕਿ ਬੈਂਚ ਉਠਾਏ ਜਾਣ ।

ਝੱਬਰ ਸਤ ਸਾਲ ਲਾਹੌਰ ਵਿਖੇ ਰਹੇ ਅਤੇ ਗੁਰਮਤਿ ਪ੍ਰਚਾਰ ਬਿਨਾਂ ਤਨਖਾਹ ਜਾਂ ਮੁਆਵਜ਼ੇ ਦੇ ਕਰਦੇ ਰਹੇ । ਤੱਥ ਤਾਂ ਇਹ ਹੈ ਕਿ ਉਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਵੀ ਤਨਖਾਹ ਪਰ ਨਿਯੁਕਤ ਹੋ ਕੇ ਕੰਮ ਨਹੀਂ ਕੀਤਾ । ਉਹ ਸਾਰੇ ਪੰਜਾਬ ਵਿਚ ਫਿਰ ਕੇ ਗੁਰਮਤਿ ਪ੍ਰਚਾਰ ਕਰਦੇ ਸਨ । ਉਨ੍ਹਾਂ ਨੇ 1912 ਵਿਚ ਪਹਿਲੀ ਸਿੱਖ ਜਥੇਬੰਦੀ ਖਾਲਸਾ ਦੀਵਾਨ ਖਰਾ ਸੌਦਾ ਕਾਇਮ ਕੀਤੀ ਇਹ ਜਥੇਬੰਦੀ ਗੁਰਦੁਆਰਾ ਖਰਾ ਸੌਦਾ ਦੇ ਨਾਂ ਤੇ ਸੀ ਅਤੇ ਇਸ ਦੇ ਮੈਂਬਰ ਆਮ ਤੌਰ ਤੇ ਚੂਹੜਕਾਣੇ ਦੇ ਨੇੜੇ ਦੇ ਵਿਰਕ ਹੀ ਸਨ ।[3]

ਸਿੱਖਾਂ ਦੇ ਵਿਚ ਵਿਦਿਆ ਦਾ ਪ੍ਰਚਾਰ ਜ਼ੋਰਾਂ ਤੇ ਸੀ । ਚੀਫ ਖਾਲਸਾ ਦੀਵਾਨ ਦੀ ਵਿਦਿਅਕ ਕਮੇਟੀ ਦੀ ਅਗਵਾਈ ਵਿਚ ਥਾਂ ਥਾਂ ਨਵੇਂ ਸਕੂਲ ਖੋਲ੍ਹੇ ਜਾ ਰਹੇ ਸਨ । ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ "ਸਿੱਖ ਸਕੂਲ ਨਾ ਕੇਵਲ ਸਿਖਿਆ ਦੇਣ ਦੇ ਅਦਾਰੇ ਹੀ ਸਨ, ਬਲਕਿ ਉਨ੍ਹਾਂ ਸਿੱਖ ਮਤ ਦੇ ਕਿਲ੍ਹਿਆਂ ਦਾ ਕੰਮ ਦਿਤਾ ਜਿਥੇ ਭੀ ਉਨ੍ਹਾਂ ਨੂੰ ਸਥਾਪਿਤ ਕੀਤਾ ਗਿਆ ਸੀ । ਸਿੰਘ ਸਭਾਵਾਂ ਵੀ, ਜਿਨ੍ਹਾਂ ਨੂੰ ਸੁਧਾਰ ਦੇ ਪ੍ਰਚਾਰ ਲਈ ਸੰਗਠਿਤ ਕੀਤਾ ਗਿਆ ਸੀ , ਸਕੂਲਾ ਦੀ ਲੋਕ-ਪ੍ਰਿਯਤਾ ਦਾ ਟਾਕਰਾ ਨਹੀਂ ਕਰ ਸਕਦੀਆਂ ਸਨ ।"[4] ਡਾ: ਫੌਜਾਂ ਸਿੰਘ ਲਿਖਦੇ ਹਨ, "ਸਿੱਖ ਮਤ ਤੋਂ ਇਲਾਵਾ , ਉਨ੍ਹਾਂ (ਝੱਬਰ) ਦੀ ਦਿਲਚਸਪੀ ਸਿਖਿਆ ਦੇ ਪ੍ਰਚਾਰ ਵਿਚ ਸੀ । "[5] ਭਾਈ ਮੂਲ ਸਿੰਘ ਗਰਮੂਲਾ ਨੇ ਸੰਨ 1913 ਵਿਚ ਅਰੂੜਾ ਜੱਟ ਤੋਂ 13 ਕਨਾਲ ਜ਼ਮੀਨ ਖਰੀਦ ਕੇ ਗੁਰਦੁਆਰਾ ਸਚਾ ਸੌਦਾ ਦੇ ਨੇੜੇ ਸਕੂਲ ਵਾਸਤੇ ਇਮਾਰਤ ਬਣਵਾਈ । ਸੰਨ 1917 ਵਿਚ ਝੱਬਰ ਨੇ ਇਹ ਇਮਾਰਤ ਭਾਈ ਮੂਲ ਸਿੰਘ ਪਾਸੋਂ ਲੈ ਕੇ ਮਿਡਲ ਸਕੂਲ ਖੋਲ੍ਹਿਆ ।[6] ਇਨ੍ਹਾਂ ਦਿਨ੍ਹਾਂ ਵਿਚ ਮੰਡੀ ਚੂਹੜਕਾਣਾ ਨਵੀਂ ਵਸੀ ਸੀ । ਇਹ ਗੁਰਦੁਆਰਾ ਸਚਾ ਸੌਦਾ[7] ਦੇ ਨੇੜੇ ਹੀ ਸੀ । ਮੰਡੀ ਦੇ ਲੋਕਾਂ ਨੇ ਝੱਬਰ ਜੀ ਨੂੰ ਬਿਨੈ ਕੀਤੀ ਕਿ ਇਹ ਸਕੂਲ ਮੰਡੀ ਵਿਚ ਲੈ ਆਉਣ ਅਤੇ ਮਾਇਆ ਦੀ ਸਹਾਇਤਾ ਉਹ ਦੇਣਗੇ । ਸੰਨ 1918 ਵਿਚ ਝੱਬਰ ਇਹ ਸਕੂਲ ਮੰਡੀ ਚੂਹੜਕਾਣੇ ਲੈ ਆਏ ।

ਅਪ੍ਰੈਲ 1919 ਵਿਚ ਜਦੋਂ ਸਕੂਲ ਦੀਆਂ ਨਵੀਆਂ ਜਮਾਤਾਂ ਆਰੰਭ ਹੋਈਆਂ ਤਾਂ ਝੱਬਰ ਜੀ ਆਪਣੇ ਸਕੂਲ ਦੇ ਅਧਿਆਪਕ ਭਾਈ ਅਰਜਨ ਸਿੰਘ ਨੂੰ ਨਾਲ ਲੈ ਕੇ ਬਚਿਆ ਲਈ ਪੁਸਤਕਾਂ ਖਰੀਦਣ ਲਈ ਲਾਹੌਰ ਆਏ । ਉਨ੍ਹਾਂ ਦੀ ਲਗਨ ਗੁਰਮਤਿ ਪ੍ਰਚਾਰ ਦੀ ਸੀ । ਉਹ ਖਾਲਸਾ ਰਾਹੀਂ ਬਚਿਆਂ ਨੂੰ ਗੁਰਮਤਿ ਤੋਂ ਜਾਣੂ ਕਰਾਨਾ ਚਾਹੁੰਦੇ ਸਨ

1. ਨਰੈਣ ਸਿੰਘ (ਸੰ) ਅਕਾਲੀ ਮੋਰਚੇ ਤੇ ਝੱਬਰ, ਪੰ 3●; ਪ੍ਰਤਾਪ ਸਿੰਘ, ਅਕਾਲੀ ਲਹਿਰ ਦੇ ਮਹਾਨ ਨੇਤਾ, ਪੰ. 98.
2. ਉਹੀ, ਪੰਨਾ 32
3. ਉਹੀ ਪੰਨਾ 32
4. Ganda Singh (ed) The Singh Sabha and other Socio-Religious Movemnts in Punjab . P 45.
5. Fauja Singh, Eminent Freedom Fighters of the Punjab, P. 150
6. ਨਰੈਣ ਸਿੰਘ ਉਕਤ, ਪੰਨਾ 32, ਪ੍ਰਤਾਪ ਸਿੰਘ ਉਕਤ, ਪੰਨਾ 98.
7. ਗੁਰਦੁਆਰਾ ਖਰਾ ਸੌਦਾ ਅਤੇ ਗੁਰਦੁਆਰਾ ਸਚਾ ਸੌਦਾ ਇਕ ਧਰਮ ਅਸਥਾਨ ਦੇ ਨਾਂ ਹਨ ।